

# ਨਵੇਂ ਆਏ ਲੋਕਾਂ ਲਈ ਆਫਰ

ਕੈਨੇਡਾ ਵਿੱਚ ਤੁਹਾਡੇ ਪੈਰ ਪੱਕੇ ਕਰਨ ਵਿੱਚ ਤੁਹਾਡੀ ਮਦਦ

# ਨਿੱਘਾ ਸੁਆਗਤ

- 3 ਸਾਲਾਂ ਲਈ ਸਾਡੇ ਉਤਪਾਦਾਂ ਅਤੇ ਸੇਵਾਵਾਂ ਲਈ ਸਾਈਨ-ਅੱਪ ਕਰਨ 'ਤੇ $670 ਦੀ ਬਚਤ ਕਰੋ।[1, 2]
- ਆਨਲਾਈਨ ਅੰਤਰਰਾਸ਼ਟਰੀ ਟ੍ਰਾਂਸਫਰ ਕਰੋ।

ਹੇਠਾਂ ਦਿੱਤੀਆਂ ਛੋਟਾਂ ਅਤੇ ਲਾਭ, ਖਾਤਾ ਖੋਲ੍ਹਣ ਦੀ ਤਾਰੀਖ ਤੋਂ ਲਾਗੂ ਹੁੰਦੇ ਹਨ।

## ਸਾਲ 1

**ਕੋਈ ਫਲੈਟ ਮਹੀਨਾਵਾਰ ਫੀਸ ਨਹੀਂ**

- ਚੈਕਿੰਗ ਖਾਤਾ
- ਅਸੀਮਿਤ ਇਲੈਕਟ੍ਰਾਨਿਕ ਟ੍ਰਾਂਜ਼ੈਕਸ਼ਨਾਂ[3]

**ਹੋਰ ਮੁਫ਼ਤ ਵਿਸ਼ੇਸ਼ਤਾਵਾਂ**

- ਨਿਕਾਸੀਆਂ, ਟ੍ਰਾਂਸਫਰ, ਬਿੱਲ ਭੁਗਤਾਨ ਲਈ ਨਿਕਾਸੀਆਂ[4]
- ਪਹਿਲਾ ਚੈੱਕ ਆਰਡਰ[5]
- ਡਾਕ ਦੁਆਰਾ ਕਾਗਜ਼ੀ ਸਟੇਟਮੈਂਟਾਂ[6]

**ਸਾਡੀ ਵਿਸ਼ੇਸ਼ ਫੋਨ 'ਤੇ ਕਾਨੂੰਨੀ ਸਹਾਇਤਾ ਸੇਵਾ ਤੱਕ ਮੁਫ਼ਤ ਪਹੁੰਚ**[7]

## ਸਾਲ 2 ਅਤੇ 3 – ਤੁਹਾਡੇ ਕੋਲ ਦੋ ਵਿਕਲਪ ਹਨ

**ਜੇ ਤੁਸੀਂ ਹੇਠਾਂ ਦਿੱਤੇ ਉਤਪਾਦਾਂ ਅਤੇ ਸੇਵਾਵਾਂ ਲਈ ਸਾਈਨ-ਅੱਪ ਕਰਦੇ ਹੋ ਤਾਂ ਬੈਂਕਿੰਗ ਪੈਕੇਜ ਲਈ ਕੋਈ ਫਲੈਟ ਮਹੀਨਾਵਾਰ ਫੀਸ ਨਹੀਂ:**

- ਨਿੱਜੀ ਕ੍ਰੈਡਿਟ ਕਾਰਡ[8]
- ਆਨਲਾਈਨ ਖਾਤਾ ਸਟੇਟਮੈਂਟ
- ਪ੍ਰਤੀ ਮਹੀਨਾ ਸੈਲਰੀ ਡਿਪਾਜ਼ਿਟ ਜਾਂ 2 ਇਲੈਕਟ੍ਰਾਨਿਕ ਬਿਲ ਭੁਗਤਾਨ[9]

**ਜਾਂ**

**ਬੈਂਕਿੰਗ ਪੈਕੇਜ ਲਈ ਘਟਾਈ ਗਈ ਮਹੀਨਾਵਾਰ ਫੀਸ**

**ਸਾਲ 2**

**ਬੈਂਕਿੰਗ ਪੈਕੇਜ 'ਤੇ 50% ਕਮੀ ($7.98/ਮਹੀਨਾ ਦੀ ਫਲੈਟ ਮਹੀਨਾਵਾਰ ਫੀਸ)**

**ਸਾਲ 3**

**ਬੈਂਕਿੰਗ ਪੈਕੇਜ 'ਤੇ 25% ਕਮੀ ($11.96/ਮਹੀਨਾ ਦੀ ਫਲੈਟ ਮਹੀਨਾਵਾਰ ਫੀਸ)**

## ਸਾਲ 4 ਅਤੇ ਇਸ ਤੋਂ ਬਾਅਦ

**$15.95 ਦੀ ਫਲੈਟ ਮਹੀਨਾਵਾਰ ਫੀਸ ਸਿਰਫ ਚੌਥੇ ਸਾਲ ਤੋਂ ਲਾਗੂ ਹੁੰਦੀ ਹੈ। ਤੁਸੀਂ ਸਾਡੇ ਪੈਕੇਜਾਂ ਨੂੰ ਬ੍ਰਾਊਜ਼ ਕਰ ਸਕੋਗੇ ਅਤੇ ਉਹ ਪੈਕੇਜ ਚੁਣ ਸਕੋਗੇ ਜੋ ਤੁਹਾਡੀਆਂ ਲੋੜਾਂ ਦੇ ਅਨੁਸਾਰ ਸਭ ਤੋਂ ਸਹੀ ਹੈ।**

## ਫਾਈਨੈਂਸਿੰਗ ਤੱਕ ਪਹੁੰਚ[8]



**ਕ੍ਰੈਡਿਟ ਕਾਰਡ**



**ਆਟੋ ਲੋਨ**



**ਮੌਰਗੇਜ**

ਆਫਰ ਵਿੱਚ ਸ਼ਾਮਲ ਟ੍ਰਾਂਜੈਕਸ਼ਨਾਂ 'ਤੇ ਲਾਗੂ ਹੋਣ ਵਾਲੀ ਫਲੈਟ ਮਹੀਨਾਵਾਰ ਫੀਸ ਦੇ ਇਲਾਵਾ ਹੋਰ ਫੀਸਾਂ ਲਾਗੂ ਹੋ ਸਕਦੀਆਂ ਹਨ। ਆਫਰ ਵਿੱਚ ਸ਼ਾਮਲ ਟ੍ਰਾਂਜੈਕਸ਼ਨਾਂ ਅਤੇ ਲਾਗੂ ਹੋਣ ਵਾਲੀ ਫੀਸ ਦੀ ਪੂਰੀ ਸੂਚੀ ਲਈ, ਕਿਰਪਾ ਕਰਕੇ ਸਾਡੀ *ਨਿੱਜੀ ਬੈਂਕਿੰਗ ਸਮਾਧਾਨਾਂ ਲਈ ਗਾਈਡ* (*Guide to Personal Banking Solutions*) ਦੇਖੋ।

# ਕਾਨੂੰਨੀ ਸਹਾਇਤਾ ਸੇਵਾ



ਜਦੋਂ ਤੁਸੀਂ ਸਾਡੇ ਨਵੇਂ ਆਏ ਲੋਕਾਂ ਲਈ ਆਫਰ ਲਈ ਸਾਈਨ ਅਪ ਕਰ ਲਓ, ਤਾਂ ਤੁਸੀਂ 12 ਮਹੀਨਿਆਂ ਲਈ,[7] National Bank Assistance Network™ ਰਾਹੀਂ ਖ਼ਾਸ ਤੌਰ ਤੇ ਪੇਸ਼ ਕੀਤੀ ਜਾਣ ਵਾਲੀ ਕਾਨੂੰਨੀ ਸਹਾਇਤਾ ਸੇਵਾ ਤੱਕ ਪਹੁੰਚ ਪ੍ਰਾਪਤ ਕਰੋਗੇ।

ਜਦੋਂ ਤੁਸੀਂ ਬਿਨਾਂ ਕਿਸੇ ਕੀਮਤ ਦੇ ਕਿਸੇ ਵਕੀਲ ਨਾਲ ਸਿੱਧਾ ਗੱਲ ਕਰਦੇ ਹੋ ਤਾਂ ਹੇਠਾਂ ਦਿੱਤੇ ਖੇਤਰਾਂ ਬਾਰੇ ਕਾਨੂੰਨੀ ਜਾਣਕਾਰੀ ਪ੍ਰਾਪਤ ਕਰੋ:

- ਇਮੀਗ੍ਰੇਸ਼ਨ
- ਰਿਹਾਇਸ਼
- ਰੁਜ਼ਗਾਰ
- ਸਿੱਖਿਆ
- ਸਿਹਤ
- ਰੋਜ਼ਮਰਾ ਦੀ ਜ਼ਿੰਦਗੀ

**ਨਵੇਂ ਆਏ ਲੋਕਾਂ ਲਈ ਸਾਡੇ ਸਹਾਇਤਾ ਪ੍ਰੋਗਰਾਮ ਨੂੰ ਹਫ਼ਤੇ ਦੇ 7 ਦਿਨ ਸਵੇਰੇ 9:00 ਤੋਂ ਰਾਤ 8:00 ਵਜੇ (ET) ਤੱਕ 514-285-5257 ਜਾਂ 1-844-891-7096 'ਤੇ ਕਾਲ ਕਰੋ।**

# ਖਾਸ ਸਲਾਹ ਦੇਣ ਵਾਲਾ ਇੱਕ ਬੈਂਕ

### ਵਿਸ਼ੇਸ਼ ਸਮੱਗਰੀ: ਕੈਨੇਡਾ ਵਿੱਚ ਇਮੀਗ੍ਰੇਸ਼ਨ

ਨਵੇਂ ਆਏ ਲੋਕਾਂ ਨਾਲ ਸੰਬੰਧਿਤ ਲੇਖਾਂ ਦੀ ਸਾਡੀ ਸੀਰੀਜ ਪੜ੍ਹ ਕੇ ਆਪਣੇ ਨਵੇਂ ਦੇਸ਼ ਬਾਰੇ ਹੋਰ ਜਾਣੋ।[10]

ਤੁਸੀਂ ਉਹ **nbc.ca/advice-immigrate** 'ਤੇ ਪੜ੍ਹ ਸਕਦੇ ਹੋ।



# National Bank®, ਤੁਹਾਡੇ ਆਗਮਨ ਨੂੰ ਅਸਾਨ ਬਣਾਉਣ ਲਈ ਮਨਪਸੰਦ ਸਾਥੀ

## National Bank ਬਾਰੇ:

- ਲਗਭਗ **2.8 ਮਿਲੀਅਨ** ਗਾਹਕ ਅਤੇ **$424 ਬਿਲੀਅਨ** ਦੀਆਂ ਸੰਪਤੀਆਂ*
- **360** ਤੋਂ ਵੱਧ ਬ੍ਰਾਂਚਾਂ ਅਤੇ **2,000** ਆਟੋਮੇਟਿਡ ਬੈਂਕਿੰਗ ਮਸ਼ੀਨਾਂ (ABMs)* 6 ਭਾਸ਼ਾਵਾਂ (ਅੰਗਰੇਜ਼ੀ, ਫ੍ਰੈਂਚ, ਸਪੈਨਿਸ਼, ਚੀਨੀ, ਪੰਜਾਬੀ, ਅਰਬੀ) ਵਿੱਚ ਉਪਲਬਧ ਹਨ
- THE EXCHANGE® ਇੰਟਰ-ਇੰਸਟੀਟਿਊਸ਼ਨਲ ਨੈਟਵਰਕ ਵਿੱਚ ਪੂਰੀ ਤਰ੍ਹਾਂ ਕੰਮ ਕਰਨ ਵਾਲੇ ਹਜ਼ਾਰਾਂ ABM ਤੱਕ ਸਰਚਾਰਜ-ਮੁਕਤ ਪਹੁੰਚ

* 31 ਅਕਤੂਬਰ, 2023 ਤੋਂ ਡਾਟਾ। ਤਬਦੀਲੀ ਦੇ ਅਧੀਨ।

## ਹੁਣੇ ਸਾਈਨ-ਅੱਪ ਕਰੋ

ਕੀ ਤੁਸੀਂ ਕੈਨੇਡਾ ਵਿੱਚ 5 ਸਾਲਾਂ ਤੋਂ ਘੱਟ ਸਮੇਂ ਤੋਂ ਰਹਿ ਰਹੇ ਹੋ ਜਾਂ ਕੀ ਤੁਸੀਂ ਇੱਥੇ ਵੱਸਣ ਵਾਲੇ ਹੋ? National Bank ਨੂੰ ਤੁਹਾਡੀ ਜ਼ਿੰਦਗੀ ਨੂੰ ਵੱਧ ਅਸਾਨ ਬਣਾਉਣ ਲਈ ਟੂਲਾਂ ਅਤੇ ਫ਼ਾਇਦਿਆਂ ਦੀ ਪੂਰੀ ਰੇਂਜ਼ ਆਫਰ ਕਰਨ ਵਿੱਚ ਖੁਸ਼ੀ ਹੋ ਰਹੀ ਹੈ।

**ਇੱਥੇ ਜਾਣੋ ਕਿ ਕਿਵੇਂ:**

› **nbc.ca/immigrate** 'ਤੇ ਜਾਓ

›**+1-888-835-6281** 'ਤੇ ਫੋਨ ਕਰੋ (ਕੈਨੇਡਾ ਵਿੱਚ ਟੋਲ-ਫ੍ਰੀ)

› ਸਾਡੀ ਕਿਸੇ ਇੱਕ ਬ੍ਰਾਂਚ ਵਿੱਚ ਆਓ **nbc.ca/find-us**

### ਆਨਲਾਈਨ ਇੱਕ ਖਾਤਾ ਖੋਲ੍ਹੋ, ਤੁਹਾਡੇ ਕੈਨੇਡਾ ਪਹੁੰਚਣ ਤੋਂ ਪਹਿਲਾਂ ਹੀ

ਤੁਹਾਡੇ ਕੈਨੇਡਾ ਪਹੁੰਚਣ ਤੋਂ ਪਹਿਲਾਂ ਖਾਤਾ ਖੋਲ੍ਹਣ ਲਈ ਆਨਲਾਈਨ ਅਰਜ਼ੀ ਦਿਓ:

› **nbc.ca/immigrate** 'ਤੇ ਜਾਓ ਅਤੇ ਫਾਰਮ ਭਰੋ।

### ਤੁਸੀਂ ਆਪਣੇ ਨਵੇਂ National Bank ਖਾਤੇ ਵਿੱਚ ਪੈਸਾ ਟ੍ਰਾਂਸਫਰ ਕਿਵੇਂ ਕਰ ਸਕਦੇ ਹੋ?

ਆਪਣੇ ਨਵੇਂ ਖਾਤੇ ਵਿੱਚ ਦੇਸ਼ ਦੇ ਬਾਹਰੋਂ ਫੰਡ* ਟ੍ਰਾਂਸਫਰ ਕਰਨ ਲਈ, ਤੁਹਾਡੇ ਲਈ ਟ੍ਰਾਂਸਫਰ ਜਾਰੀ ਕਰਨ ਵਾਲੇ ਬੈਂਕ ਦੀ ਹੇਠਾਂ ਦਿੱਤੀ ਜਾਣਕਾਰੀ ਮੁਹੱਈਆ ਕਰਨਾ ਲਾਜ਼ਮੀ ਹੈ (ਤੁਹਾਡੇ ਕੈਨੇਡਾ ਪਹੁੰਚਣ ਤੋਂ ਪਹਿਲਾਂ ਇੱਕ ਟ੍ਰਾਂਸਫਰ ਦੀ ਸੀਮਾ ਹੈ)।

| | |
|---|---|
| SWIFT ਮੈਸੇਜ | MT103 |
| SWIFT ਕੋਡ | BNDCCAMMINT |
| ਬੈਂਕ ਕੋਡ | ਇਹ ਜਾਣਕਾਰੀ ਤੁਹਾਡਾ ਖਾਤਾ ਖੁੱਲ੍ਹਣ ਦੀ ਪੁਸ਼ਟੀ ਕਰਨ ਵਾਲੀ ਈਮੇਲ ਵਿੱਚ ਮੁਹੱਈਆ ਕਰਵਾਈ ਜਾਂਦੀ ਹੈ। |
| ਬ੍ਰਾਂਚ ਟ੍ਰਾਂਜ਼ਿਟ ਅਤੇ ਪਤਾ | |
| ਕੈਨੇਡਿਅਨ ਖਾਤਾ ਨੰਬਰ | |

* ਤੁਹਾਡਾ ਕੈਨੇਡਾ ਵਿੱਚ ਪਹਿਲਾ ਫੰਡ ਟ੍ਰਾਂਸਫ਼ਰ ਬੈਂਕ-ਤੋਂ-ਬੈਂਕ ਦਾ ਟ੍ਰਾਂਸਫ਼ਰ ਹੋਣਾ ਚਾਹੀਦਾ ਹੈ। ਇਸਦਾ ਅਰਥ ਹੈ ਕਿ ਤੁਸੀਂ ਮਨੀ ਟ੍ਰਾਂਸਫਰ ਸੇਵਾ ਨਹੀਂ ਵਰਤ ਸਕਦੇ ਹੋ। ਲਾਗੂ ਫੀਸਾਂ ਲਈ ਕਿਰਪਾ ਕਰਕੇ *ਨਿੱਜੀ ਬੈਂਕਿੰਗ ਸਮਾਧਾਨਾਂ ਲਈ ਗਾਈਡ* (*Guide to Personal Banking Solutions*) ਦੇਖੋ। ਕੁਝ ਬੈਂਕ ਪੱਤਰ-ਵਿਹਾਰ ਲਈ ਵਾਧੂ ਫੀਸ ਲੈ ਸਕਦੇ ਹਨ।

1 ਇਸ ਆਫਰ ਦਾ ਫ਼ਾਇਦਾ ਉਠਾਉਣ ਲਈ, ਤੁਹਾਡੇ ਲਈ ਕੈਨੇਡਾ ਪਹੁੰਚਣ 'ਤੇ ਪਹਿਲੇ 60 ਮਹੀਨਿਆਂ ਦੇ ਅੰਦਰ ਬੈਂਕ ਖਾਤਾ ਖੋਲ੍ਹਣਾ ਲਾਜ਼ਮੀ ਹੈ।

2 ਜੇ ਤੁਸੀਂ ਸਾਡੀਆਂ ਬ੍ਰਾਂਚਾਂ ਵਿੱਚੋਂ ਕਿਸੇ ਇੱਕ ਵਿੱਚ ਬੈਂਕ ਖਾਤਾ ਖੁੱਲ੍ਹਵਾਉਂਦੇ ਹੋ, ਨਵੇਂ ਆਏ ਲੋਕਾਂ ਲਈ ਬੈਂਕਿੰਗ ਆਫਰ ਵਾਸਤੇ ਸਾਈਨ-ਅੱਪ ਕਰਦੇ ਹੋ ਅਤੇ ਇਹਨਾਂ ਉਤਪਾਦਾਂ ਨੂੰ 36 ਮਹੀਨਿਆਂ ਲਈ ਰੱਖਦੇ ਹੋ ਤਾਂ ਤੁਸੀਂ 3 ਸਾਲਾਂ ਦੇ ਦੌਰਾਨ $334.92 ਦੀ ਮੂਲ ਬਚਤ ਦਾ ਆਨੰਦ ਮਾਣ ਸਕਦੇ ਹੋ। 3 ਸਾਲ ਦੀ ਬਚਤ ਦਾ ਮਤਲਬ ਹੈ: ਪਹਿਲੇ ਸਾਲ ਦੌਰਾਨ ਤੁਹਾਡੇ ਪੈਕੇਜ ਵਿੱਚ ਸ਼ਾਮਲ ਟ੍ਰਾਂਜੈਕਸ਼ਨਾਂ ਲਈ ਕੋਈ ਮਹੀਨਾਵਾਰ ਫੀਸ ਨਹੀਂ ($15.95/ਮਹੀਨਾ x 12 ਮਹੀਨੇ ਦੀ ਬਚਤ); ਦੂਜੇ ਸਾਲ ਦੌਰਾਨ $15.95/ਮਹੀਨਾ ਦੀ ਬਜਾਏ $7.98/ਮਹੀਨਾ ਦੀ ਮਹੀਨਾਵਾਰ ਸਰਵਿਸ ਫੀਸ ($7.97/ਮਹੀਨਾ x 12 ਮਹੀਨੇ ਦੀ ਬਚਤ); ਤੀਜੇ ਸਾਲ ਦੌਰਾਨ $15.95/ਮਹੀਨਾ ਦੀ ਬਜਾਏ $11.96/ਮਹੀਨਾ ਦੀ ਮਹੀਨਾਵਾਰ ਸਰਵਿਸ ਫੀਸ ($3.99/ਮਹੀਨਾ x 12 ਮਹੀਨੇ ਦੀ ਬਚਤ)। ਜੇ ਤੁਸੀਂ ਨਵੇਂ ਆਏ ਲੋਕਾਂ ਲਈ ਆਫਰ ਵਿੱਚ ਸਾਰੇ ਉਤਪਾਦਾਂ ਅਤੇ ਸੇਵਾਵਾਂ ਲਈ ਸਾਈਨ-ਅੱਪ ਕਰਦੇ ਹੋ, ਹਰ ਮਹੀਨੇ ਸਾਰੇ ਲੋੜੀਂਦੇ ਕੰਮ ਕਰਦੇ ਹੋ, 36 ਮਹੀਨਿਆਂ ਦੀ ਮਿਆਦ ਲਈ ਇਹਨਾਂ ਉਤਪਾਦਾਂ ਅਤੇ ਸੇਵਾਵਾਂ ਨੂੰ ਰੱਖਦੇ ਹੋ ਅਤੇ ਇਹ ਕੰਮ ਕਰਦੇ ਹੋ ਤਾਂ 3 ਸਾਲਾਂ ਦੌਰਾਨ ਤੁਸੀਂ ਵੱਧ ਤੋਂ ਵੱਧ $671.30 (ਹਿਸਾਬ ਦੇ ਵੇਰਵੇ: ਖਾਤੇ ਦੀ ਮਹੀਨਾਵਾਰ ਫੀਸ ਲਈ $574.20, ਚੈੱਕਾਂ ਦੇ ਪਹਿਲੇ ਆਰਡਰ ਲਈ $67.10 ਅਤੇ ਪਹਿਲੇ ਸਾਲ ਡਾਕ ਦੁਆਰਾ ਭੇਜੀਆਂ ਗਈਆਂ ਸਟੇਟਮੈਂਟਾਂ ਲਈ $30) ਦੀ ਬਚਤ ਦਾ ਆਨੰਦ ਮਾਣ ਸਕਦੇ ਹੋ। ਜੇ, ਕਿਸੇ ਮਹੀਨੇ ਦੇ ਦੌਰਾਨ, ਤੁਸੀਂ ਆਪਣਾ ਬੈਂਕ ਖਾਤਾ ਅਤੇ ਪੈਕੇਜ ਰੱਖਦੇ ਹੋ, ਪਰ ਆਫਰ ਵਿਚਲੇ ਦੂਜੇ ਉਤਪਾਦ ਜਾਂ ਸੇਵਾਵਾਂ ਤੁਹਾਡੇ ਕੋਲ ਨਹੀਂ ਹਨ ਜਾਂ ਹੁਣ ਨਹੀਂ ਰਹੇ ਹਨ, ਜਾਂ ਜੇ ਤੁਸੀਂ ਸਾਰੀਆਂ ਲੋੜੀਂਦੀ ਕਾਰਵਾਈਆਂ ਨਹੀਂ ਕਰਦੇ ਹੋ, ਤਾਂ ਦੂਜੇ ਸਾਲ ਲਈ $7.98/ਮਹੀਨਾ ਅਤੇ ਤੀਜੇ ਸਾਲ ਲਈ $11.96/ਮਹੀਨਾ ਦੇ ਨਾਲ ਸੰਬੰਧਿਤ ਮਹੀਨਾਵਾਰ ਸਰਵਿਸ ਫੀਸ ਲਈ ਜਾਵੇਗੀ। ਇਸ ਮਿਆਦ ਦੌਰਾਨ ਤੁਹਾਡੀ ਬਿਲਿੰਗ ਤਾਰੀਖ 'ਤੇ ਤੁਹਾਡੀ ਸਥਿਤੀ ਦਾ ਮਹੀਨਾਵਾਰ ਵਿਸ਼ਲੇਸ਼ਣ ਕੀਤਾ ਜਾਵੇਗਾ। ਤੁਹਾਨੂੰ ਹਾਲੇ ਵੀ ਦੂਜੇ ਸਾਲ ਲਈ $7.97/ਮਹੀਨਾ ਅਤੇ ਤੀਜੇ ਸਾਲ ਲਈ $3.99/ਮਹੀਨਾ ਦੀਆਂ ਬਚਤਾਂ ਦਾ ਫਾਇਦਾ ਹੋਵੇਗਾ। ਚੌਥੇ ਸਾਲ $15.95/ਮਹੀਨਾ ਦੀ ਸਰਵਿਸ ਫੀਸ ਲਾਗੂ ਹੋਵੇਗੀ। ਜੇ ਤੁਹਾਡੇ ਕੋਲ ਨਵੇਂ ਆਏ ਲੋਕਾਂ ਲਈ ਬੈਂਕ ਖਾਤਾ ਜਾਂ ਪੈਕੇਜ ਨਹੀਂ ਰਹਿੰਦਾ ਹੈ, ਤਾਂ ਜਿਸ ਸਮੇਂ ਤੁਹਾਡੇ ਕੋਲ ਇਹ ਉਤਪਾਦ ਨਹੀਂ ਰਹਿਣਗੇ, ਉਸ ਵੇਲੇ ਤੋਂ ਕੋਈ ਬਚਤ ਉਪਲਬਧ ਨਹੀਂ ਹੋਵੇਗੀ। ਆਫਰ ਦੀਆਂ ਸ਼ਰਤਾਂ ਬਾਰੇ ਹੋਰ ਵੇਰਵਿਆਂ ਲਈ, nbc.ca/immigrate ਵਿਖੇ "ਬੈਂਕਿੰਗ ਆਫਰ ਦੇ ਵੇਰਵੇ" ("Details of the banking offer") ਦੇਖੋ। ਨਵੇਂ ਆਏ ਲੋਕਾਂ ਲਈ ਆਫਰ ਵਿੱਚ ਸ਼ਾਮਲ ਨਾ ਕੀਤੀਆਂ ਟ੍ਰਾਂਜੈਕਸ਼ਨਾਂ ਨਾਲ ਸਬੰਧਿਤ ਕੁਝ ਫੀਸ ਲਾਗੂ ਹੋ ਸਕਦੀ ਹੈ। ਹੋਰ ਵੇਰਵਿਆਂ ਲਈ, *ਨਿੱਜੀ ਬੈਂਕਿੰਗ ਸਮਾਧਾਨਾਂ ਲਈ ਗਾਈਡ (Guide to Personal Banking Solutions)* ਦੇਖੋ।

3 ਯੋਗ ਇਲੈਕਟ੍ਰਾਨਿਕ ਟ੍ਰਾਂਜੈਕਸ਼ਨਾਂ ਦੀ ਇੱਕ ਪੂਰੀ ਸੂਚੀ ਲਈ, ਕਿਰਪਾ ਕਰਕੇ ਸਾਡੀ *ਨਿੱਜੀ ਬੈਂਕਿੰਗ ਸਮਾਧਾਨਾਂ ਲਈ ਗਾਈਡ (Guide to Personal Banking Solutions)* ਦੇਖੋ।

4 13ਵੇਂ ਮਹੀਨੇ ਤੋਂ ਸ਼ੁਰੂ ਕਰਦੇ ਹੋਏ ਹਰੇਕ ਨਿਕਾਸੀ, ਟ੍ਰਾਂਸਫਰ ਜਾਂ ਬਿੱਲ ਦੇ ਭੁਗਤਾਨ ਲਈ ਨਿਕਾਸੀ ਵਾਸਤੇ $1.50 ਫੀਸ ਹੋਵੇਗੀ।

5 ਸ਼ਿਪਿੰਗ ਫੀਸ ਅਤੇ ਟੈਕਸ ਵਾਧੂ ਹਨ।

6 ਨਵੇਂ ਆਏ ਲੋਕਾਂ ਲਈ ਆਫਰ ਵਿੱਚ ਦਾਖਲੇ ਤੋਂ ਬਾਅਦ ਪਹਿਲੇ 12 ਮਹੀਨਿਆਂ ਲਈ ਡਾਕ ਰਾਹੀਂ ਬੈਂਕ ਸਟੇਟਮੈਂਟ ਮੁਫ਼ਤ ਹੈ। 13ਵੇਂ ਮਹੀਨੇ ਤੋਂ ਸ਼ੁਰੂ ਕਰਦੇ ਹੋਏ, ਪ੍ਰਤੀ ਖਾਤਾ $2.50/ਮਹੀਨਾ ਦੀ ਫੀਸ ਲਈ ਜਾਵੇਗੀ।

7 ਖਾਤਾ ਖੋਲ੍ਹਣ ਦੀ ਤਾਰੀਖ ਤੋਂ ਸ਼ੁਰੂ ਕਰਦੇ ਹੋਏ 12 ਮਹੀਨਿਆਂ ਲਈ National Bank Assistance Network ਵੱਲੋਂ ਪੇਸ਼ ਕੀਤੀ ਜਾਂਦੀ ਫ਼ੋਨ ਸਹਾਇਤਾ ਸੇਵਾ। ਵਰਨਣ ਕੀਤੇ ਪ੍ਰੋਗਰਾਮਾਂ ਦੀ ਸਮੱਗਰੀ ਅਤੇ ਸ਼ਰਤਾਂ ਤਬਦੀਲੀ ਦੇ ਅਧੀਨ ਹਨ।

8 ਫਾਈਨੈਂਸਿੰਗ National Bank ਵੱਲੋਂ ਕ੍ਰੈਡਿਟ ਮਨਜ਼ੂਰੀ ਦੇ ਅਧੀਨ ਹੈ। ਕੁਝ ਸ਼ਰਤਾਂ ਲਾਗੂ ਹਨ। ਸਾਰੇ ਯੋਗ ਕ੍ਰੈਡਿਟ ਕਾਰਡ ਵੇਖਣ ਲਈ nbc.ca/immigrate 'ਤੇ ਜਾਓ।

9 ਯੋਗ ਇਲੈਕਟ੍ਰਾਨਿਕ ਬਿਲ ਭੁਗਤਾਨ ਡਿਜੀਟਲ ਬੈਂਕਿੰਗ ਸਮਾਧਾਨਾਂ ਅਤੇ ਕਿਸੇ ਪੂਰਵ ਅਧਿਕਾਰਤ ਡੈਬਿਟ ਰਾਹੀਂ ABM ਵਿਖੇ ਕੀਤੇ ਜਾਂਦੇ ਭੁਗਤਾਨ ਹੁੰਦੇ ਹਨ।

10 ਲੇਖਾਂ ਦੀ ਸਮੱਗਰੀ ਦੀ ਇਸ ਤਰ੍ਹਾਂ ਵਿਆਖਿਆ ਨਹੀਂ ਕੀਤੀ ਜਾਣੀ ਚਾਹੀਦੀ, ਜਾਂ ਇਸ ਨੂੰ ਇਸ ਤਰ੍ਹਾਂ ਮੰਨਿਆ ਜਾਂ ਵਰਤਿਆ ਨਹੀਂ ਜਾਣਾ ਚਾਹੀਦਾ ਜਿਵੇਂ ਕਿ ਇਹ ਆਰਥਿਕ, ਕਨੂੰਨੀ, ਵਿੱਤੀ ਜਾਂ ਹੋਰ ਸਲਾਹ ਹੈ। National Bank ਅਤੇ ਸਮੱਗਰੀ ਮੁਹੱਈਆ ਕਰਨ ਵਾਲੇ ਇਸਦੇ ਭਾਈਵਾਲ ਉਨ੍ਹਾਂ ਕਿਸੇ ਵੀ ਨੁਕਸਾਨਾਂ ਲਈ ਜ਼ਿੰਮੇਵਾਰ ਨਹੀਂ ਹੋਣਗੇ, ਜੋ ਅਜਿਹੀ ਵਰਤੋਂ ਦੇ ਕਾਰਨ ਤੁਹਾਨੂੰ ਹੋ ਸਕਦੇ ਹਨ।

TM NATIONAL BANK ASSISTANCE NETWORK National Bank of Canada, ਦਾ ਟ੍ਰੇਡਮਾਰਕ ਹੈ, ਜਿਸਦੀ ਵਰਤੋਂ NBC Assistance Inc. ਵੱਲੋਂ ਲਾਇਸੈਂਸ ਦੇ ਅਧੀਨ ਕੀਤੀ ਜਾਂਦੀ ਹੈ।

® THE EXCHANGE, Fiserv Inc. ਦਾ ਰਜਿਸਟਰਡ ਟ੍ਰੇਡਮਾਰਕ ਹੈ।

® NATIONAL BANK ਅਤੇ NATIONAL BANK ਲੋਗੋ National Bank of Canada ਦੇ ਰਜਿਸਟਰ-ਸ਼ੁਦਾ ਟ੍ਰੇਡਮਾਰਕ ਹਨ।

© National Bank of Canada, 2024. ਸਾਰੇ ਹੱਕ ਰਾਖਵੇਂ ਹਨ। National Bank of Canada ਦੀ ਪੂਰਵ ਲਿਖਤ ਸਹਿਮਤੀ ਦੇ ਬਿਨਾਂ ਕੋਈ ਵੀ ਪੁਨਰ ਪ੍ਰਸਤੁਤੀ, ਸਮੁੱਚੇ ਜਾਂ ਅੰਸ਼ਕ ਤੌਰ 'ਤੇ, ਪੂਰੀ ਤਰ੍ਹਾਂ ਵਰਜਤ ਹੈ।

FSC
FPO

30795-007 (2024/03)

NATIONAL BANK OF CANADA